## ਸ਼ਬਦਾਵਲੀ

**Fred Talk** – ਪੜ੍ਹਨ (ਮਿਲਾਉਣ) ਤੋਂ ਪਹਿਲਾਂ ਸ਼ਬਦ ਦਾ ਵੱਖਰੇ ਤੌਰ 'ਤੇ ਧੁਨੀ ਉੱਚਾਰਨ ਕਰਨਾ

**sound-blending** - ਸ਼ਬਦ ਬਣਾਉਣ ਲਈ ਧੁਨੀਆਂ ਨੂੰ ਇਕੱਠਾ ਕਰਨਾ, ਮਿਸਾਲ ਲਈ, c–a–t *cat*

**special friends** - ਇੱਕ ਤੋਂ ਵੱਧ ਅੱਖਰਾਂ ਨਾਲ ਲਿਖੀਆਂ ਧੁਨੀਆਂ, ਮਿਸਾਲ ਲਈ, **sh**, **ng**, **qu**, **ch**

**Speed Sounds** – ਵੱਖੋ-ਵੱਖਰੀਆਂ ਧੁਨੀਆਂ ਜੋ ਸ਼ਬਦ ਬਣਾਉਂਦੀਆਂ ਹਨ



ਆਪਣੇ ਬੱਚੇ ਲਈ ਭਾਵਨਾ ਸਹਿਤ ਕਹਾਣੀਆਂ ਪੜ੍ਹੋ! ਜਿੰਨਾ ਜ਼ਿਆਦਾ ਤੁਸੀ ਕਹਾਣੀ ਨੂੰ ਪਿਆਰ ਕਰਦੇ ਹੋ, ਓਨਾ ਹੀ ਤੁਹਾਡਾ ਬੱਚਾ ਪੜ੍ਹਨਾ ਪਸੰਦ ਕਰੇਗਾ।

ਪੁਸਤਿਕਾ 2 ਤੁਹਾਨੂੰ ਦੱਸਦੀ ਹੈ ਕਿ ਤੁਹਾਡੇ ਬੱਚੇ ਦੀ ਪੜ੍ਹਨ ਦਾ ਅਭਿਆਸ ਕਰਨ ਵਿੱਚ ਕਿਵੇਂ ਮਦਦ ਕਰਨੀ ਹੈ:

- Sets 2 and 3 Speed Sounds
- ਗੁਲਾਬੀ, ਸੰਤਰੀ, ਪੀਲੇ, ਨੀਲੇ ਅਤੇ ਸਲੇਟੀ ਰੰਗ ਦੀਆਂ Storybooks ।

https://www.ruthmiskin.com/en/find-out-more/parents/ 'ਤੇ ਤੁਹਾਡੇ ਬੱਚੇ ਦੀ ਮਦਦ ਕਰਨ ਲਈ ਬਹੁਤ ਸਾਰੇ ਵੀਡੀਓ ਹਨ।

*Read Write Inc.* ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਬੱਚੇ ਦੇ ਸਕੂਲ ਵਿੱਚ *Read Write Inc.* ਮੈਨੇਜਰ ਨਾਲ ਗੱਲ ਕਰੋ ਜਾਂ www.readwriteinc.com 'ਤੇ ਜਾਓ।


OXFORD UNIVERSITY PRESS

web www.oxfordprimary.co.uk
email primary.enquiries@oup.com
tel. +44 (0) 1536 452610

www.oup.com


Read Write Inc. Phonics

# ਘਰ ਵਿੱਚ ਪੜ੍ਹਨਾ

## ਪੁਸਤਿਕਾ 2

ਤੁਹਾਡਾ ਬੱਚਾ *Read Write Inc. Phonics* ਨਾਲ ਪੜ੍ਹਨਾ ਸਿੱਖ ਰਿਹਾ ਹੈ, ਜੋ ਇੱਕ ਬਹੁਤ ਹੀ ਪ੍ਰਸਿੱਧ ਅਤੇ ਸਫਲ ਸਾਖਰਤਾ ਪਰੋਗਰਾਮ ਹੈ। ਇਹ **ਦੂਜੀ ਪੁਸਤਿਕਾ** ਤੁਹਾਨੂੰ ਦਿਖਾਉਂਦੀ ਹੈ ਕਿ ਤੁਸੀ ਆਪਣੇ ਬੱਚੇ ਤੋਂ ਤੁਰੰਤ ਸ਼ੁਰੂਆਤ ਕਿਵੇਂ ਕਰਵਾ ਸਕਦੇ ਹੋ।

ਤੁਹਾਡਾ ਬੱਚਾ ਬਹੁਤ ਹੀ ਸਰਲ ਤਰੀਕੇ ਨਾਲ ਪੜ੍ਹਨਾ ਸਿੱਖੇਗਾ। ਉਹ ਇਹ ਸਿੱਖੇਗਾ ਜਾਂ ਸਿੱਖੇਗੀ:

1. **ਅੱਖਰਾਂ** ਨੂੰ ਉਨ੍ਹਾਂ ਦੀਆਂ 'ਧੁਨੀਆਂ' ਰਾਹੀਂ ਪੜ੍ਹਨਾ
2. ਇਹਨਾਂ ਧੁਨੀਆਂ ਨੂੰ **ਸ਼ਬਦਾਂ** ਵਿੱਚ ਮਿਲਾਉਣਾ
3. ਇੱਕ **ਕਹਾਣੀ** ਵਿੱਚ ਸ਼ਬਦਾਂ ਨੂੰ ਪੜ੍ਹਨਾ।



OXFORD

# ਮੇਰਾ ਬੱਚਾ ਕਿਵੇਂ ਪੜ੍ਹਨਾ ਸਿੱਖੇਗਾ?

ਤੁਹਾਡੇ ਬੱਚੇ ਨੇ ਪਹਿਲਾਂ ਹੀ ਪੜ੍ਹਨਾ ਸਿਖ ਲਿਆ ਹੋਵੇਗਾ:

- Set 1 Speed Sounds: ਇਹ ਇੱਕ ਅੱਖਰ ਨਾਲ ਲਿਖੀਆਂ ਧੁਨੀਆਂ ਹਨ: **m a s d t i n p g o c k u b f e l h r j v y w z x** ਅਤੇ ਦੋ ਅੱਖਰਾਂ ਨਾਲ ਲਿਖੀਆਂ ਧੁੰਨੀਆਂ ਹਨ (ਤੁਹਾਡਾ ਬੱਚਾ ਇਹਨਾਂ ਨੂੰ 'special friends'ਕਹੇਗਾ): **sh th ch qu ng nk ck**
- sound-blending ਇਹਨਾਂ ਧੁਨੀਆਂ ਦੀ ਸ਼ਮੂਲੀਅਤ ਵਾਲੇ ਸ਼ਬਦ, ਮਿਸਾਲ ਲਈ m–a–t *mat*, c–a–t *cat*, g–o–t *got*, f–i–sh *fish*, s–p–o–t *spot*, b–e–s–t *best*, s–p–l–a–sh *splash*
- Blending Books ਅਤੇ ਲਾਲ, ਹਰੀਆਂ ਅਤੇ ਜਾਮਨੀ ਰੰਗੀ ਦੀਆਂ Storybooks।

ਦੂਜਾ, ਉਹ ਪੜ੍ਹਨਾ ਸਿੱਖੇਗਾ ਜਾਂ ਸਿੱਖੇਗੀ:

- Set 2 Speed Sounds: **ay ee igh ow oo oo ar or air ir ou oy**
- ਇਹ ਧੁਨੀਆਂ ਦੀ ਸ਼ਮੂਲੀਅਤ ਵਾਲੇ ਸ਼ਬਦ
- ਗੁਲਾਬੀ, ਸੰਤਰੀ ਅਤੇ ਪੀਲੇ ਰੰਗ ਦੀਆਂ Storybooks।

ਤੀਜਾ, ਉਹ ਪੜ੍ਹਨਾ ਸਿੱਖੇਗਾ ਜਾਂ ਸਿੱਖੇਗੀ:

- Set 3 Speed Sounds: **ea oi a-e i-e o-e u-e aw are ur er ow ai oa ew ire ear ure**
- ਇਹਨਾਂ ਧੁਨੀਆਂ ਦੀ ਸ਼ਮੂਲੀਅਤ ਵਾਲੇ ਸ਼ਬਦ
- ਨੀਲੀਆਂ ਅਤੇ ਸਲੇਟੀ ਰੰਗੀ ਦੀਆਂ Storybooks।



## ਆਪਣੇ ਬੱਚੇ ਨੂੰ ਪੜ੍ਹਦੇ ਹੋਏ ਕਿਵੇਂ ਸੁਣਨਾ ਹੈ



- ਇਸ ਤੋਂ ਪਹਿਲਾਂ ਕਿ ਤੁਹਾਡਾ ਬੱਚਾ ਤੁਹਾਨੂੰ ਕਿਤਾਬ ਪੜ੍ਹ ਕੇ ਸੁਣਾਏ, ਕਿਤਾਬ ਨੂੰ ਉੱਚੀ ਆਵਾਜ਼ ਵਿੱਚ ਨਾ ਪੜ੍ਹੋ।
- ਆਪਣੇ ਬੱਚੇ ਨੂੰ ਕਹਾਣੀ ਪੜ੍ਹਨ ਤੋਂ ਪਹਿਲਾਂ ਧੁਨੀਆਂ ਅਤੇ ਸ਼ਬਦਾਂ ਨੂੰ ਪੜ੍ਹਨ ਲਈ ਕਹੋ।
- ਜਦੋਂ ਤੁਹਾਡਾ ਬੱਚਾ ਕਹਾਣੀ ਪੜ੍ਹਦਾ ਹੈ, ਤਾਂ ਉਸ ਨੂੰ ਉਨਹਾਂ ਸ਼ਬਦਾਂ ਲਈ ਵੱਖਰੇ ਤੌਰ 'ਤੇ ਧੁਨੀ ਉਚਾਰਨ ਕਰਨ ਲਈ ਕਹੋ ਜੋ ਉਹ ਖੁਦ-ਬ-ਖੁਦ ਨਹੀ ਪੜ੍ਹ ਸਕਦਾ। ਆਪਣੇ ਬੱਚੇ ਨੂੰ ਬਹੁਤ ਜ਼ਿਆਦਾ ਖੇਚਲ ਨਾ ਕਰਨ ਦਿਓ। ਜਦੋਂ ਤੁਹਾਡਾ ਬੱਚਾ ਸਫਲ ਹੁੰਦਾ ਹੈ ਤਾਂ ਉਸ ਦੀ ਤਾਰੀਫ਼ ਕਰੋ।
- ਕਥਾਨਕ ਨੂੰ ਚਲਦਾ ਰੱਖਣ ਲਈ ਹਰੇਕ ਵਾਕ ਜਾਂ ਪੰਨੇ ਨੂੰ ਮੁੜ ਤੋਂ ਪੜ੍ਹੋ। (ਤੁਹਾਡੇ ਬੱਚੇ ਦੀ ਊਰਜਾ ਕਹਾਣੀ ਦੀ ਬਜਾਏ ਸ਼ਬਦਾਂ ਨੂੰ ਪੜ੍ਹਨ ਵਿੱਚ ਜਾ ਰਹੀ ਹੈ।)
- ਆਪਣੇ ਬੱਚੇ ਨੂੰ ਤਸਵੀਰਾਂ ਦੀ ਵਰਤੋਂ ਕਰਕੇ ਸ਼ਬਦ ਦਾ ਅੰਦਾਜ਼ਾ ਲਗਾਉਣ ਲਈ ਨਾ ਕਹੋ।
- ਇਹ ਸਭ ਠਰੰਮੇ ਅਤੇ ਪਿਆਰ ਨਾਲ ਕਰੋ!

ਸਾਡੇ ਕੋਲ ਸਕੂਲ ਵਿੱਚ ਹਰ ਰੋਜ਼ ਕਹਾਣੀ ਦਾ ਸਮਾਂ ਹੁੰਦਾ ਹੈ ਤਾਂ ਜੋ ਬੱਚਿਆਂ ਵਿੱਚ ਕਹਾਣੀਆਂ ਲਈ ਪਿਆਰ ਪੈਦਾ ਹੋਵੇ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਹਰ ਰਾਤ ਆਪਣੇ ਬੱਚੇ ਨੂੰ ਸੌਣ ਦੇ ਸਮੇਂ ਕਹਾਣੀ ਪੜ੍ਹ ਕੇ ਅਜਿਹਾ ਕਰੋਗੇ। ਸਾਡੇ ਕੋਲ ਤੁਹਾਡੇ ਲਈ ਉਧਾਰ ਲੈਣ ਲਈ ਸਕੂਲ ਵਿੱਚ ਬਹੁਤ ਵਧੀਆ ਕਿਤਾਬਾਂ ਹਨ।

## 2. ਆਪਣੇ ਬੱਚੇ ਦੀ ਕਹਾਣੀਆਂ ਦੀਆਂ ਕਿਤਾਬਾਂ ਪੜ੍ਹਨ ਵਿੱਚ ਮਦਦ ਕਰੋ

### ਕਾਲੇ ਅਤੇ ਸਫੈਦ ਰੰਗ ਦੀਆਂ Storybooks




ਤੁਹਾਡਾ ਬੱਚਾ *Read Write Inc Phonics* ਦੀ ਕਾਲੇ ਅਤੇ ਚਿੱਟੇ ਰੰਗ ਦੀ Storybook ਨੂੰ ਘਰ ਲਿਆਉਣਾ ਜਾਰੀ ਰੱਖੇਗਾ। ਇਹ ਉਸ ਰੰਗਦਾਰ ਸੰਸਕਰਣ ਦੀ ਇੱਕ ਕਾਪੀ ਹੈ ਜਿਸ ਨੂੰ ਉਸਨੇ ਸਕੂਲ ਵਿੱਚ ਪੜ੍ਹਿਆ ਹੋਵੇਗਾ।


ਤੁਹਾਡੇ ਬੱਚੇ ਨੇ ਇਹ ਕਹਾਣੀ ਆਪਣੇ ਰੀਡਿੰਗ ਟੀਚਰ ਨਾਲ ਤਿੰਨ ਵਾਰ ਪੜ੍ਹੀ ਹੋਵੇਗੀ, ਇਸ ਲਈ ਉਸਨੂੰ ਆਤਮ-ਵਿਸ਼ਵਾਸ ਨਾਲ ਕਹਾਣੀ ਪੜ੍ਹਨ ਦੇ ਸਮਰੱਥ ਹੋਣਾ ਚਾਹੀਦਾ ਹੈ।

ਕਿਤਾਬਾਂ ਵਿੱਚ ਇਸ ਬਾਰੇ ਸੰਖੇਪ ਵਿਆਖਿਆ ਸ਼ਾਮਲ ਹੈ ਕਿ ਗਤੀਵਿਧੀਆਂ ਕਿਵੇਂ ਕਰਨੀਆਂ ਹਨ।

### Book Bag Books

ਤੁਹਾਡਾ ਬੱਚਾ ਘਰ ਇੱਕ Book Bag Book ਵੀ ਲਿਆ ਸਕਦਾ ਹੈ। ਇਹ ਕਿਤਾਬ ਕਹਾਣੀਆਂ ਦੀ ਕਿਤਾਬ ਦੇ ਉਹਨਾਂ ਵਿਚਾਰਾਂ ਅਤੇ ਅਨੇਕਾਂ ਸ਼ਬਦਾਂ ਨਾਲ ਬਣੀ ਹੁੰਦੀ ਹੈ ਜੋ ਉਸਨੇ ਹੁਣੇ ਪੜ੍ਹੀ ਹੈ। ਤੁਹਾਡੇ ਬੱਚੇ ਨੂੰ ਇਸ ਕਿਤਾਬ ਨੂੰ ਪੜ੍ਹਨ ਵਿੱਚ ਜ਼ਿਆਦਾ ਸਹਾਇਤਾ ਦੀ ਲੋੜ ਹੋਵੇਗੀ।

ਇੱਕ ਵਾਰ ਫੇਰ ਤੋਂ, ਕਿਤਾਬਾਂ ਵਿੱਚ ਗਤੀਵਿਧੀਆਂ ਦੀ ਵਰਤੋਂ ਕਰਨ ਬਾਰੇ ਵਿਆਖਿਆਵਾਂ ਸ਼ਾਮਲ ਕੀਤੀਆਂ ਗਈਆਂ ਹਨ।








## 1. Sets 2 and 3 Speed Sounds ਨੂੰ ਪੜ੍ਹਨ ਵਿੱਚ ਆਪਣੇ ਬੱਚੇ ਦੀ ਮਦਦ ਕਰੋ

ਤੁਹਾਡਾ ਬੱਚਾ Set 2 or Set 3 Speed Sounds ਕਾਰਡ ਜਾਂ *My Sets 2 and 3 Speed Sounds Book* ਘਰ ਲਿਆਏਗਾ।

ਤੁਹਾਡੇ ਬੱਚੇ ਨੂੰ ਧੁਨੀ ਨੂੰ ਯਾਦ ਰੱਖਣ ਵਿੱਚ ਮਦਦ ਕਰਨ ਲਈ ਹਰੇਕ ਧੁਨੀ ਦੀ ਇੱਕ ਤਸਵੀਰ ਅਤੇ ਵਾਕਾਂਸ਼ ਹੁੰਦਾ ਹੈ। ਉਦਾਹਰਣ ਲਈ:

- ਧੁਨੀ 'ay' ਵਿੱਚ 'May I play? ਵਾਕ ਹੈ' ਜੋ ਬੱਚਿਆਂ ਦੇ ਇਕੱਠੇ ਖੇਡਦੇ ਹੋਣ ਸਬੰਧੀ ਤਸਵੀਰ ਦੇ ਨਾਲ ਹੈ
- [ਅਵਾਜ਼ 'ee' ਵਿੱਚ 'What can you see? ਵਾਕਾਂਸ਼ ਹੈ' ਜੋ ਇੱਕ ਰੁੱਖ ਵਿੱਚ ਦੋ ਲੜਕਿਆਂ ਦੀ ਤਸਵੀਰ ਦੇ ਨਾਲ ਹੈ।






## Set 2 Speed Sounds ਕਾਰਡਾਂ ਦੀ ਵਰਤੋਂ ਕਰਨੀ

ਪਹਿਲਾਂ, ਪੈਕ ਵਿੱਚ, ਧੁਨੀਆਂ ਲੱਭੋ: **ay ee igh ow oo**

1. ਤਸਵੀਰ ਨੂੰ ਉਲਟਾਓ, ਹਰ ਵਾਰ ਤੇਜ਼ੀ ਨਾਲ ਕਰਦੇ ਹੋਏ, ਆਪਣੇ ਬੱਚੇ ਤੋਂ ਹਰੇਕ ਕਾਰਡ ਵਿੱਚ ਵਾਕਾਂਸ਼ ਕਹਿਣ ਲਈ ਕਹੋ।
2. ਹਰ ਵਾਰ ਤੇਜ਼ੀ ਨਾਲ ਕਰਦੇ ਹੋਏ, ਅੱਖਰ ਵਾਲੇ ਪਾਸੇ ਦੀਆਂ ਧੁਨੀਆਂ ਦਾ ਉੱਚਾਰਨ ਕਹਿਣ ਵਿੱਚ ਆਪਣੇ ਬੱਚੇ ਦੀ ਮਦਦ ਕਰੋ। ਜੇ ਉਹ ਭੁੱਲ ਜਾਂਦਾ ਹੈ, ਤਾਂ ਤਸਵੀਰ ਵਾਲੇ ਪਾਸੇ ਵੱਲ ਮੁੜੋ। ਜਦੋਂ ਤੁਹਾਡਾ ਬੱਚਾ ਦੇਖਣ ਲਈ ਪਰਤਾਏ ਬਗੈਰ ਧੁਨੀਆਂ ਦਾ ਉੱਚਾਰਨ ਕਰ ਸਕਦਾ ਹੈ, ਤਾਂ ਰਫ਼ਤਾਰ ਵਧਾਓ!
3. ਧੁਨੀਆਂ ਦੇ ਨਾਲ ਦੁਹਰਾਓ: ***oo*** **ar or air ir ou oy** ਅਤੇ ਫਿਰ ਇਹਨਾਂ ਧੁਨੀ ਕਾਰਡਾਂ ਨੂੰ ਉੱਪਰ ਦਿੱਤੇ ਧੁਨੀ ਕਾਰਡਾਂ ਨਾਲ ਮਿਲਾਓ। ਉਦੋਂ ਤੱਕ ਅਭਿਆਸ ਕਰਦੇ ਰਹੋ ਜਦੋਂ ਤੱਕ ਤੁਹਾਡਾ ਬੱਚਾ ਇਹਨਾਂ 12 ਧੁਨੀਆਂ ਨੂੰ ਤੁਰੰਤ ਅਤੇ ਆਤਮ-ਵਿਸ਼ਵਾਸ ਨਾਲ ਨਹੀਂ ਪੜ੍ਹ ਸਕਦਾ।



ਕਲਾਸਰੂਮ ਵਿੱਚ ਸਪੀਡ ਧੁਨੀਆਂ ਨੂੰ ਸਿੱਖਣਾ।




## Set 3 Speed Sounds ਕਾਰਡਾਂ ਦੀ ਵਰਤੋਂ ਕਰਨਾ

ਪਹਿਲਾਂ, ਪੈਕ ਵਿੱਚ, ਇਹ ਧੁਨੀਆਂ ਲੱਭੋ: **ea oi a-e i-e o-e u-e**

1. ਤਸਵੀਰ ਨੂੰ ਉਲਟਾਓ, ਹਰ ਵਾਰ ਤੇਜ਼ੀ ਨਾਲ ਕਰਦੇ ਹੋਏ, ਆਪਣੇ ਬੱਚੇ ਤੋਂ ਹਰੇਕ ਕਾਰਡ ਵਿੱਚ ਵਾਕਾਂਸ਼ ਕਹਾਓ।
2. ਹਰ ਵਾਰ ਤੇਜ਼ੀ ਨਾਲ ਕਰਦੇ ਹੋਏ, ਅੱਖਰ ਵਾਲੇ ਪਾਸੇ ਦੀਆਂ ਧੁਨੀਆਂ ਦਾ ਉੱਚਾਰਨ ਕਹਿਣ ਵਿੱਚ ਆਪਣੇ ਬੱਚੇ ਦੀ ਮਦਦ ਕਰੋ। ਜੇ ਉਹ ਭੁੱਲ ਜਾਂਦਾ ਹੈ, ਤਾਂ ਤਸਵੀਰ ਵਾਲੇ ਪਾਸੇ ਵੱਲ ਮੁੜੋ। ਜਦੋਂ ਤੁਹਾਡਾ ਬੱਚਾ ਦੇਖਣ ਲਈ ਪਰਤਾਏ ਬਗੈਰ ਧੁਨੀਆਂ ਦਾ ਉੱਚਾਰਨ ਕਰ ਸਕਦਾ ਹੈ, ਤਾਂ ਰਫ਼ਤਾਰ ਵਧਾਓ!
3. ਧੁਨੀਆਂ ਦੇ ਨਾਲ ਦੁਹਰਾਓ: **aw are ur er ow ai oa ew** ਅਤੇ ਅਤੇ ਫਿਰ ਇਹਨਾਂ ਧੁਨੀ ਕਾਰਡਾਂ ਨੂੰ ਉੱਪਰ ਦਿੱਤੇ ਧੁਨੀ ਕਾਰਡਾਂ ਨਾਲ ਮਿਲਾਓ। ਉਦੋਂ ਤੱਕ ਅਭਿਆਸ ਕਰਦੇ ਰਹੋ ਜਦੋਂ ਤੱਕ ਤੁਹਾਡਾ ਬੱਚਾ ਇਹਨਾਂ 14 ਧੁਨੀਆਂ ਨੂੰ ਤੁਰੰਤ ਅਤੇ ਆਤਮ-ਵਿਸ਼ਵਾਸ ਨਾਲ ਨਹੀਂ ਪੜ੍ਹ ਸਕਦਾ।
4. ਧੁਨੀਆਂ ਨਾਲ ਦੁਹਰਾਓ: **ire ear ure**

## My Sets 2 ਤੇ 3 Speed Sounds Book ਦੀ ਵਰਤੋਂ ਕਰਨੀ

ਆਪਣੇ ਬੱਚੇ ਨੂੰ ਕਿਤਾਬ ਨੂੰ ਤੇਜ਼ੀ ਨਾਲ ਦੇਖਣ ਲਈ ਕਹੋ ਅਤੇ ਜਿੰਨੀ ਜਲਦੀ ਹੋ ਸਕੇ ਧੁਨੀਆਂ ਦਾ ਉੱਚਾਰਨ ਕਰਨ ਲਈ ਕਹੋ। ਜੇਕਰ ਤੁਹਾਡਾ ਬੱਚਾ ਧੁਨੀ ਪੜ੍ਹਨ ਤੋਂ ਝਿਜਕਦਾ ਹੈ, ਤਾਂ ਯਾਦ ਦੁਆਉਣ ਵੱਜੋਂ ਤਸਵੀਰ ਪਿਛਲੇ ਪਾਸੇ ਹੁੰਦੀ ਹੈ। ਤੁਹਾਡਾ ਬੱਚਾ ਉਸੇ ਪੰਨੇ 'ਤੇ ਆਵਾਜ਼ ਲਿਖਣ ਦਾ ਅਭਿਆਸ ਵੀ ਕਰ ਸਕਦਾ ਹੈ।



*My Sets 2 and 3 Speed Sounds Book* ਵਿੱਚ ਧੁਨੀਆਂ ਨੂੰ ਪੜ੍ਹਨ ਅਤੇ ਲਿਖਣ ਦਾ ਅਭਿਆਸ ਕਰੋ।